# ਪੰਜਾਬ ਵਿਧਾਨ ਸਭਾ

**ਪੰਜਵਾਂ ਸਮਾਗਮ**

## 29 ਨਵੰਬਰ 2023

----

**ਕੁੱਲ ਪ੍ਰਸ਼ਨ - 4**

----

**ਸਾਲ 2018 ਤੋਂ ਹੁਣ ਤੱਕ ਸੜਕਾਂ ਤੇ ਪੁਲਾਂ ਦੀ ਉਸਾਰੀ ਲਈ ਠੇਕੇ ਤੇ ਅਲਾਟ ਕੀਤੇ ਕੰਮਾਂ ਦੇ ਵੇਰਵੇ**

300 **ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਲੋਕ ਨਿਰਮਾਣ, ਬਿਜਲੀ :=** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ **:- ੳ)** ਸਾਲ 2018 ਤੋਂ ਹੁਣ ਤੱਕ ਸੜਕਾਂ ਤੇ ਪੁਲਾਂ ਦੀ ਉਸਾਰੀ ਲਈ ਵੱਖ-2 ਠੇਕੇਦਾਰਾਂ ਨੂੰ ਕਿੰਨੇ ਕੰਮ ਠੇਕੇ ਤੇ ਅਲਾਟ ਕੀਤੇ ਗਏ ਅਤੇ ਉਨ੍ਹਾਂ ਵਿੱਚੋਂ ਕਿੰਨੇ ਠੇਕੇਦਾਰਾਂ ਵੱਲੋਂ ਕੰਮ ਵਿੱਚ ਹੀ ਅਧੂਰੇ ਛੱਡ ਦਿੱਤੇ ਗਏ ਸਨ; **ਅ)** ਅਜਿਹੇ ਅਧੂਰੇ ਛੱਡੇ ਗਏ ਕੰਮਾਂ ਨੂੰ ਦੁਬਾਰਾ ਪੁਰਾਣੇ ਠੇਕੇਦਾਰਾਂ ਦੇ risk and cost ਦੇ ਅਧਾਰ ਤੇ ਪੂਰਾ ਕਰਨ ਲਈ ਕਿੰਨੇ ਨਵੇਂ ਠੇਕੇਦਾਰਾਂ ਨੂੰ ਇਹ ਕੰਮ ਦੁਬਾਰਾ ਅਲਾਟ ਕੀਤੇ ਗਏ; **ੲ)** ਉਪਰੋਕਤ ਭਾਗ (ੳ) ਅਤੇ (ਅ) ਵਿੱਚ ਵਰਣਿਤ ਜਿਹੜੇ ਅਸਲ ਠੇਕਦਾਰਾਂ, ਜਿੰਨਾਂ ਦੇ risk and cost ਦੇ ਅਧਾਰ ਤੇ ਕੰਮ ਨਵਿਆਂ ਠੇਕੇਦਾਰਾਂ ਨੂੰ ਅਲਾਟ ਕਰਨੇ ਪਏ, ਕੋਲੋ ਕਿੰਨੀ-2 ਰਕਮ ਉਗਰਾਹੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

**ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਗੁਪਤ ਖ਼ਰਚਿਆਂ ਦੇ ਫੰਡ ਦੇ ਵੇਰਵੇ**

301 **ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ, ਸਕੂਲ ਸਿੱਖਿਆ :=** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ**:- ੳ)** ਕੀ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ.ਨਗਰ ਕੋਲ ਗੁਪਤ ਖ਼ਰਚਿਆਂ ਲਈ ਕੋਈ ਸਲਾਨਾ ਗੁਪਤ ਫ਼ੰਡ ਵੀ ਹੁੰਦਾ ਹੈ; **ਅ)** ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਸਾਲ, 2018-19 ਤੋਂ ਹੁਣ ਤੱਕ ਵਿੱਤੀ ਸਾਲਵਾਰ ਇਹ ਫ਼ੰਡ ਕਿੰਨਾ ਰੱਖਿਆ ਜਾਂਦਾ ਰਿਹਾ ਹੈ; **ੲ)** ਉਪਰੋਕਤ ਭਾਗ (ੳ) ਅਤੇ (ਅ) ਵਿੱਚ ਵਰਣਿਤ ਗੁਪਤ ਫੰਡ ਕਿਸ-2 ਮੰਤਵ ਲਈ ਖ਼ਰਚਿਆ ਜਾਂਦਾ ਹੈ ਤੇ ਕੀ ਇਸ ਦੇ ਹਿਸਾਬ ਕਿਤਾਬ ਦਾ ਆਡਿਟ ਵੀ ਹੁੰਦਾ ਹੈ; ਜੇਕਰ ਨਹੀਂ ਤਾਂ ਇਸ ਦੇ ਕੀ

ਕਾਰਨ ਹਨ; ਵੇਰਵੇ ਸਹਿਤ ਦੱਸਿਆ ਜਾਵੇ?

----

## ਸਰਪੰਚਾਂ ਨੂੰ ਉਨ੍ਹਾਂ ਦੇ ਮਾਣ ਭੱਤੇ ਦੀ ਅਦਾਇਗੀ ਹਰ ਮਹੀਨੇ ਸਮੇਂ ਸਿਰ ਕਰਨਾ

302 **ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਟਰਾਂਸਪੋਰਟ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ :=** ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:- ੳ) ਕੀ ਰਾਜ ਸਰਕਾਰ ਵੱਲੋਂ ਪਿੰਡਾਂ ਦੇ ਮੌਜੂਦਾ ਸਰਪੰਚਾਂ ਨੂੰ ਉਨ੍ਹਾਂ ਦੇ ਮਾਣ ਭੱਤੇ ਦੀ ਅਦਾਇਗੀ ਹਰ ਮਹੀਨੇ ਸਮੇਂ ਸਿਰ ਨਹੀਂ ਕੀਤੀ ਜਾ ਰਹੀ ਹੈ; ਜੇਕਰ ਹਾਂ ਤਾਂ ਇਸ ਦੇ ਕੀ ਕਾਰਨ ਹਨ ਅਤੇ ਕਿੰਨੇ ਮਹੀਨਿਆਂ ਦੇ ਮਾਣ ਭੱਤੇ ਦੀ ਅਦਾਇਗੀ ਅਜੇ ਪੈਂਡਿੰਗ ਪਈ ਹੈ; ਪੈਂਡਿੰਗ ਮਾਣ ਭੱਤਾ ਸਰਪੰਚਾਂ ਨੂੰ ਕਦੋਂ ਤੱਕ ਜਾਰੀ ਕਰ ਦਿੱਤਾ ਜਾਵੇਗਾ; ਅਤੇ ਅ) ਰਾਜ ਸਰਕਾਰ ਵੱਲੋਂ ਪਿੰਡਾਂ ਦੇ ਸਰਪੰਚਾਂ ਨੂੰ ਪ੍ਰਤੀ ਮਹੀਨਾ ਦਿੱਤੇ ਜਾਂਦੇ ਮਾਣ ਭੱਤੇ ਵਿੱਚ ਵਾਧਾ ਕਰਨ ਅਤੇ ਪੰਚਾਇਤ ਮੈਂਬਰਾਂ ਨੂੰ ਵੀ ਮਾਣ ਭੱਤਾ ਲਾਗੂ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ?

----

## ਬਰਸਾਤ/ਹੜ੍ਹਾਂ ਕਾਰਨ ਟਾਂਗਰੀ ਨਦੀ ਅਤੇ ਘੱਗਰ ਦਰਿਆ ਦੇ ਟੁੱਟੇ ਬੰਨ੍ਹ ਨੂੰ ਦੁਬਾਰਾ ਲਗਾਉਣ ਦੇ ਕੰਮਾਂ ਦੇ ਵੇਰਵੇ

303 **ਡਾ. ਸੁਖਵਿੰਦਰ ਕੁਮਾਰ ਸੁੱਖੀ (ਬੰਗਾ):**

**ਰੱਖਿਆ ਸੇਵਾਵਾਂ ਭਲਾਈ, ਆਜ਼ਾਦੀ ਘੁਲਾਟੀਆਂ, ਬਾਗਬਾਨੀ, ਸੂਚਨਾ ਅਤੇ ਲੋਕ ਸੰਪਰਕ, ਖਾਨ ਅਤੇ ਭੂ-ਵਿਗਿਆਨ, ਜਲ ਸਰੋਤ ਅਤੇ ਜ਼ਮੀਨ ਅਤੇ ਪਾਣੀ ਦੀ ਸੰਭਾਲ :=** ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜ਼ਿਲ੍ਹਾ ਪਟਿਆਲਾ ਅੰਦਰ ਪੈਂਦੀ ਟਾਂਗਰੀ ਨਦੀ ਅਤੇ ਹਲਕਾ ਸਨੌਰ ਵਿੱਚ ਪੈਂਦੇ ਘੱਗਰ ਦਰਿਆ ਤੇ ਸਾਲ, 2023 ਦੌਰਾਨ ਹੋਈ ਭਾਰੀ ਬਰਸਾਤ/ਹੜ੍ਹਾਂ ਕਾਰਨ ਕਿਹੜੀਆਂ-2 ਥਾਵਾਂ ਤੇ ਪਾੜ ਪਏ ਜਾ ਬੰਨ ਟੁੱਟੇ ਸੀ ਤੇ ਇਨ੍ਹਾਂ ਬੰਨ੍ਹਾਂ ਨੂੰ ਦੁਬਾਰਾ ਲਗਾਉਣ ਲਈ ਸਰਕਾਰ ਦਾ ਕਿੰਨਾ ਖ਼ਰਚਾ ਆਇਆ ਹੈ ਤੇ ਸਰਕਾਰ ਵੱਲੋਂ ਇਹ ਕੰਮ ਕਦੋਂ ਤੇ ਕਿਹੜੇ ਠੇਕੇਦਾਰਾਂ ਤੋਂ ਕਰਵਾਏ ਗਏ ਹਨ; ਵਿਸਥਾਰ ਸਾਹਿਤ ਦੱਸਿਆ ਜਾਵੇ?

----

**ਚੰਡੀਗੜ੍ਹ, 160001.** **ਰਾਮ ਲੋਕ ਖਟਾਣਾ,**

**28 ਨਵੰਬਰ 2023.** **ਸਕੱਤਰ**